Fraser South Early Psychosis Intervention Program

# ਸਾਈਕੋਸਿਸ ਰੋਗ ਕੀ ਹੈ?

## What is Psychosis?

ਸਾਈਕੋਸਿਸ (Psychosis) ਸ਼ਬਦ ਉਨ੍ਹਾਂ ਹਾਲਤਾਂ (ਅਵਸਥਾ) ਨੂੰ ਬਿਆਨ ਕਰਨ ਵਿਚ ਵਰਤਿਆ ਜਾਂਦਾ ਹੈ ਜੋ ਮਨ ਤੇ ਇਵੇਂ ਅਸਰ ਕਰਦੀਆਂ ਹਨ ਕਿ ਵਿਅਕਤੀ ਦਾ ਅਸਲੀਅਤ ਨਾਲੋਂ ਨਾਤਾ ਕੁੱਝ ਹਦ ਤਕ ਟੁੱਟ ਜਾਂਦਾ ਹੈ (some loss of contact with reality)।

ਜਦੋਂ ਕੋਈ ਸਾਈਕੋਸਿਸ ਦੇ ਲੱਛਣ ਮਹਿਸੂਸ ਕਰਦਾ ਹੈ ਤਾਂ ਇਸ ਨੂੰ ਸਾਈਕੋਸਿਸ ਦਾ ਦੌਰਾ ਕਹਿੰਦੇ ਹਨ। "ਅਗੇਤਾ ਸਾਈਕੋਸਿਸ" (Early psychosis) ਜਾਂ "ਸਾਈਕੋਸਿਸ ਦਾ ਪਹਿਲਾ" (first-episode psychosis) ਦੌਰਾ ਆਮ ਕਰਕੇ ਉਸ ਨੂੰ ਆਖਦੇ ਹਨ ਜਦੋਂ ਕੋਈ ਪਹਿਲੀ ਵਾਰੀ ਸਾਈਕੋਸਿਸ (ਸਾਈਕੋਸਿਸ ਦੀ ਬਿਮਾਰੀ ਦੇ ਲੱਛਣ ਜਾਂ ਚਿੰਨ੍ਹ) ਨੂੰ ਅਨੁਭਵ ਕਰਦਾ ਹੈ।

ਸਾਈਕੋਸਿਸ ਮਨੁੱਖ ਦੀਆਂ ਸੋਚਾਂ, ਭਾਵਨਾਵਾਂ ਅਤੇ ਵਿਵਹਾਰ ਤੇ ਅਸਰ ਕਰਦਾ ਹੈ। ਜਿਸ ਤਰੀਕੇ ਨਾਲ ਇਹ ਵਾਪਰਦਾ ਹੈ ਉਹ ਬੜਾ ਬਹੁ-ਭਾਂਤਾ ਹੈ, ਮਤਲਬ ਕਿ ਦੋ ਰੋਗੀਆਂ ਵਿਚ ਬਹੁਤ ਵੱਖਰੇ ਵੱਖਰੇ ਲੱਛਣ ਹੋ ਸਕਦੇ ਹਨ।

**ਸਾਈਕੋਸਿਸ ਦਾ ਰੋਗ ਕਿਸ ਨੂੰ ਲਗਦਾ ਹੈ Who gets psychosis:**

- 100 ਵਿਚੋਂ 3 ਵਿਅਕਤੀਆਂ ਨੂੰ ਜ਼ਿੰਦਗੀ ਵਿਚ ਇਕ ਵਾਰ ਸਾਈਕੋਸਿਸ ਦੇ ਦੌਰੇ ਦਾ ਅਨੁਭਵ ਹੁੰਦਾ ਹੈ।
- ਸਾਈਕੋਸਿਸ ਦਾ ਰੋਗ ਔਰਤਾਂ ਅਤੇ ਮਰਦਾਂ ਨੂੰ ਇੱਕੋ ਜਿੰਨਾਂ ਲਗਦਾ ਹੈ।
- ਸਾਈਕੋਸਿਸ ਦਾ ਪਹਿਲਾ ਦੌਰਾ ਆਮ ਕਰਕੇ ਨੌਜਵਾਨਾਂ ਨੂੰ ਵੀਹਵੇਂ ਸਾਲ ਤੋਂ ਕੁੱਝ ਪਹਿਲੇ ਸਾਲਾਂ ਜਾਂ ਕੁੱਝ ਬਾਅਦ ਦੇ ਸਾਲਾਂ ਵਿਚ ਆਉਂਦਾ ਹੈ।
- ਸਾਈਕੋਸਿਸ ਦਾ ਰੋਗ ਹਰ ਸਭਿਆਚਾਰ (ਕਲਚਰ) ਅਤੇ ਹਰ ਆਰਥਿਕ ਵਰਗ ਵਿਚ ਪਾਇਆ ਜਾਂਦਾ ਹੈ।

**ਸਾਈਕੋਸਿਸ ਦੇ ਦੌਰੇ (ਘਟਨਾ) ਦੇ ਤਿੰਨ ਪੜਾਅ ਹੁੰਦੇ ਹਨ There are three phases to a psychotic episode:**

## 1. ਪੂਰਵ ਲੱਛਣ ਪੜਾਅ (Prodromal Phase)

ਸਾਈਕੋਸਿਸ ਜ਼ਾਹਿਰ ਹੋਣ ਤੋਂ ਪਹਿਲਾਂ (before) ਵੱਲ ਜੇ ਝਾਤ ਮਾਰੀਏ ਤਾਂ ਅਕਸਰ ਸੋਚਾਂ, ਭਾਵਨਾਵਾਂ, ਸੂਝ ਅਤੇ ਵਿਵਹਾਰ ਵਿਚ ਤਬਦੀਲੀਆਂ ਹੁੰਦੀਆਂ ਹਨ। ਇਸ ਸਮੇਂ ਨੂੰ ਪੂਰਵ ਪੜਾਅ (prodrome) ਅਤੇ ਇਹਨਾਂ ਪਹਿਲੀਆਂ ਤਬਦੀਲੀਆਂ ਨੂੰ ਪੂਰਵ ਲੱਛਣ (prodromal symptoms) ਕਹਿਆ ਜਾਂਦਾ ਹੈ।

ਪੂਰਵ ਲੱਛਣ ਇਕ ਵਿਅਕਤੀ ਵਿਚ ਦੂਸਰੇ ਨਾਲੋਂ ਵੱਖਰੇ ਹੁੰਦੇ ਹਨ ਅਤੇ ਕੁੱਝ ਇਹ ਲੱਛਣ ਅਨੁਭਵ ਹੀ ਨਹੀਂ ਕਰਦੇ। ਪੂਰਵ ਲੱਛਣਾਂ ਦੇ ਪੜਾਅ ਦਾ ਸਮਾਂ (ਮਿਆਦ) ਇਕ ਵਿਅਕਤੀ ਵਿਚ ਦੂਸਰੇ ਨਾਲੋਂ ਵੱਖਰਾ ਹੁੰਦਾ ਹੈ ਹਾਲਾਂਕਿ ਇਹ ਅਕਸਰ ਕਈ ਮਹੀਨੀਆਂ ਵਿਚ ਫੈਲਿਆ ਹੁੰਦਾ ਹੈ। **ਕੁੱਝ ਆਮ ਪੂਰਵ ਲੱਛਣ ਇਹ ਹਨ:**

- ਧਿਆਨ ਘੱਟ ਲੱਗਣਾ
- ਕੁੱਝ ਕਰਨ ਨੂੰ ਜੀ ਨਾ ਕਰਨਾ, ਉਤਸ਼ਾਹ ਵਿਚ ਕਮੀ, ਤਾਕਤ ਵਿਚ ਕਮੀ
- ਉਦਾਸ ਮਨ
- ਨੀਂਦ ਵਿਚ ਖਰਾਬੀ
- ਚਿੰਤਾ
- ਹੋਰਾਂ ਨਾਲ ਮਿਲਣ-ਗਿਲਣ ਘਟਾ ਦੇਣਾ
- ਸ਼ੱਕੀਪੁਣਾ
- ਆਪਣੇ ਰੋਜ਼ਮੱਰ੍ਹਾ ਦੇ ਕੰਮ ਨਾ ਕਰ ਸਕਣਾ (ਸਕੂਲ ਜਾਂ ਕੰਮ ਤੇ ਨਾ ਜਾ ਹੋਣਾ)
- ਖਿਝ ਆਉਣੀ

## 2. ਗੰਭੀਰ ਹਾਲਤ ਵਾਲਾ ਪੜਾਅ Acute Phase

ਗੰਭੀਰ ਹਾਲਤ ਵਾਲੇ ਪੜਾਅ ਦੇ ਦੌਰਾਨ ਸਾਈਕੋਸਿਸ ਦੇ ਆਮ ਲੱਛਣ ਉੱਭਰ ਕੇ ਸਾਹਮਣੇ ਆਉਂਦੇ ਹਨ। ਸਾਈਕੋਸਿਸ ਦੇ ਲੱਛਣਾਂ ਨੂੰ ਅਕਸਰ ਨੂੰ

ਦੋ ਵਰਗਾਂ, ਪੌਜ਼ਿਟਿਵ ਅਤੇ ਨੈਗੇਟਿਵ ਵਿਚ ਨਿਖੇੜਿਆ ਜਾਂਦਾ ਹੈ। ਇਸ ਪ੍ਰਸੰਗ ਵਿਚ ਪੌਜ਼ਿਟਿਵ ਜਾਂ ਹਾਂ-ਵਾਚਕ ਦਾ ਭਾਵ 'ਵਧੀਆ' ਨਹੀਂ, ਬਲਕਿ ਇਹ ਉਨ੍ਹਾਂ ਲੱਛਣਾਂ ਦੀ ਹੋਂਦ ਦੇ ਸੰਕੇਤਕ ਹਨ, ਜਿਹੜੇ ਕਿ ਆਮ ਕਰਕੇ ਨਹੀਂ ਹੋਣੇ ਚਾਹੀਦੇ ਅਤੇ ਨਾਂਹ-ਵਾਚਕ ਲੱਛਣਾਂ ਦਾ ਇਹ ਮਤਲਬ ਨਹੀਂ ਕਿ ਅਸੀਂ ਵਿਅਕਤੀ ਦੇ ਰਵਈਏ ਬਾਰੇ ਕਹਿ ਰਹੇ ਹਾਂ, ਸਗੋਂ ਉਹਨਾਂ ਗੁਣਾਂ ਦੀ ਕਮੀ ਆ ਜਾਣੀ ਜਿਹੜੇ ਵਿਅਕਤੀ ਵਿਚ ਮੌਜੂਦ ਹੋਣੇ ਚਾਹੀਦੇ ਹਨ।

## ਪੌਜ਼ਿਟਵ ਜਾਂ ਹਾਂ-ਵਾਚਕ ਵਾਲੇ ਲੱਛਣ Positive Symptoms

ਇਹਨਾਂ ਲੱਛਣਾਂ ਨੂੰ ਪੌਜ਼ਿਟਿਵ ਜਾਂ ਹਾਂ-ਵਾਚਕ ਇਸ ਲਈ ਕਹਿਆ ਜਾਂਦਾ ਹੈ ਕਿਉਂਕਿ ਇਹਨਾਂ ਨੂੰ ਵਿਅਕਤੀ ਦੇ ਆਮ ਕਾਰ-ਵਿਹਾਰ ਵਿਚ ਬਹੁਲਤਾ ਜਾਂ ਵਿਗਾੜਾਂ ਵੱਜੋਂ ਖਿਆਲ ਕੀਤਾ ਜਾਂਦਾ ਹੈ। ਇਹਨਾਂ ਵਿਚ ਇਹ ਸ਼ਾਮਲ ਹਨ:

**ਵਹਿਮ ਹੋਣਾ (ਭਰਮ ਹੋਣਾ) Delusions:** ਵਹਿਮ ਉਨ੍ਹਾਂ ਝੂਠੇ ਵਿਸ਼ਵਾਸਾਂ ਨੂੰ ਕਹਿੰਦੇ ਹਨ ਜੋ ਮਨੁੱਖ ਪੱਕੀ ਤਰ੍ਹਾਂ ਸੱਚ ਬਣਾਈ ਰੱਖਦਾ ਹੈ ਅਤੇ ਉਸਦੇ ਆਲੇ ਦੁਆਲੇ ਦੇ ਮਹੌਲ ਤੋਂ ਬਾਹਰੇ ਹੁੰਦੇ ਹਨ। ਕੁੱਝ ਆਮ ਵਿਸ਼ਵਾਸ ਇਹ ਹਨ:

- ਕਿ ਉਹਨਾਂ ਦਾ ਪਿੱਛਾ ਕੀਤਾ ਜਾ ਰਹਿਆ ਹੈ,
- ਉਹਨਾਂ ਦੇ ਖਿਲਾਫ ਕੋਈ ਸਾਜ਼ਿਸ਼ ਘੜੀ ਜਾ ਰਹੀ ਹੈ
- ਕਿ ਉਹਨਾਂ ਕੋਲ ਕੋਈ ਖਾਸ ਯੋਗਤਾਵਾਂ ਜਾਂ ਤਾਕਤਾਂ ਹਨ।
- ਕਿ ਕੁੱਝ ਗੀਤਾਂ ਅਤੇ ਗੱਲਾਂ ਰਾਹੀਂ ਉਹਨਾਂ ਨੂੰ ਗੁੱਝੇ ਸੁਨੇਹੇ ਭੇਜੇ ਜਾ ਰਹੇ ਹਨ
- ਉਨ੍ਹਾਂ ਨੂੰ ਦੂਸਰੇ ਲੋਕਾਂ ਅਤੇ ਤਾਕਤਾਂ ਦੁਆਰਾ ਕਾਬੂ ਵਿਚ ਰੱਖਿਆ ਜਾ ਰਹਿਆ ਹੈ।
- ਕਿ ਉਹਨਾਂ ਦੀਆਂ ਸੋਚਾਂ ਨੂੰ ਪ੍ਰਸਾਰਤ (ਬਰਾਡਕਾਸਟ) ਕੀਤਾ ਜਾ ਰਹਿਆ ਹੈ ਤਾਕਿ ਹੋਰ ਲੋਕ ਇਹਨਾਂ ਨੂੰ ਸੁਣ ਸਕਣ।

**ਚੀਜ਼ਾਂ ਵਿਖਾਈ ਦੇਣੀਆਂ Hallucinations:**ਸਾਈਕੋਸਿਸ ਵਿਚ ਵਿਅਕਤੀ ਉਹਨਾਂ ਚੀਜ਼ਾਂ ਨੂੰ ਵੇਖਦਾ, ਸੁਣਦਾ, ਮਹਿਸੂਸ ਕਰਦਾ. ਸੁੰਘਦਾ ਜਾਂ ਚੱਖਦਾ ਹੈ ਜਿਹੜੀਆਂ ਕਿ ਅਸਲੀਅਤ ਵਿਚ ਉੱਥੇ ਨਹੀਂ ਹੁੰਦੀਆਂ। ਸਾਈਕੋਸਿਸ ਵਿਚ ਸੁਣਨ ਨਾਲ ਸੰਬਧਿਤ ਭਰਮ ਜ਼ਿਆਦਾ ਦੇਖਿਆ ਗਿਆ ਹੈ ਜਿਵੇਂ ਆਵਾਜ਼ਾਂ ਸੁਣਨਾ ਜਾਂ ਕੋਈ ਖਾਸ ਖੜਾਕ।

**ਬੇਤਰਤੀਬ ਬੋਲਚਾਲ ਅਤੇ ਵਿਵਹਾਰ Disorganized Speech and Behaviour:** ਸਾਈਕੋਸਿਸ ਦੇ ਰੋਗੀ ਦੀ ਬੋਲਚਾਲ ਕਈ ਤਰ੍ਹਾਂ ਨਾਲ ਬੇਤਰਤੀਬੀ ਹੋ ਸਕਦੀ ਹੈ: ਵਿਅਕਤੀ ਦੀ ਗੱਲ ਇਕ ਵਿਸ਼ੇ ਤੋਂ ਦੂਜੇ ਵਿਸ਼ੇ ਵੱਲ ਚਲੀ ਜਾਂਦੀ ਹੈ ਜਾਂ ਵਿਅਕਤੀ ਦੀ ਬੋਲਚਾਲ ਏਨੀ ਬੇਤਰਤੀਬ ਹੁੰਦੀ ਹੈ ਕਿ ਕੋਈ ਸਮਝ ਨਹੀਂ ਪੈਂਦੀ।

ਸਾਈਕੋਸਿਸ ਦੇ ਰੋਗੀ ਦਾ ਵਿਵਹਾਰ ਵੀ ਬੇਤਰਤੀਬਾ ਹੋ ਸਕਦਾ ਹੈ, ਵਿਅਕਤੀ ਨੂੰ ਨਿੱਤ ਦੇ ਕਾਰ ਵਿਹਾਰ ਕਰਨ ਵਿਚ ਮੁਸ਼ਕਿਲ ਆਉਂਦੀ ਹੈ (ਜਿਵੇਂ ਕਿ ਰੋਟੀ ਬਨਾਉਣਾ, ਆਪਣੀ ਸਿਹਤ-ਸਫਾਈ ਰੱਖਣੀ ਆਦਿ) ਜਾਂ ਬੇਮੌਕਾ ਵਿਵਹਾਰ ਜਾਂ ਬੇਮੇਲ ਹਾਵ-ਭਾਵ (ਜਿਵੇਂ ਕਿ ਦੁੱਖ ਵਾਲੀ ਗੱਲ ਕਰਦਿਆਂ ਹੱਸਣਾ)

## ਨੈਗੇਟਿਵ ਜਾਂ ਨਾਂਹ ਵਾਚਕ ਲੱਛਣ Negative Symptoms

ਨੈਗੇਟਿਵ ਜਾਂ ਨਾਂਹ ਵਾਚਕ ਲੱਛਣ ਵਿਅਕਤੀ ਦੇ ਕਾਰ-ਵਿਹਾਰ ਵਿਚ ਆਈ ਗਿਰਾਵਟ ਦਾ ਪਤਾ ਦੱਸਦੇ ਹਨ। ਇਹ ਪੌਜ਼ਿਟਵ ਜਾਂ ਹਾਂ-ਵਾਚਕ ਲੱਛਣਾਂ ਨਾਲੋਂ ਘੱਟ ਸਪੱਸ਼ਟ ਹੁੰਦੇ ਹਨ ਅਤੇ ਇਹਨਾਂ ਨੂੰ  ਬਹੁਤ ਧਿਆਣ ਨਾਲ ਜਾਚਣਾ ਪੈਂਦਾ ਹੈ ਤਾਂਕਿ ਇਹ ਪਤਾ ਲਗ ਸਕੇ ਕਿ ਇਹ ਸਾਈਕੋਸਿਸ ਕਰਕੇ ਹਨ ਜਾਂ ਕਿਸੇ ਹੋਰ ਗੱਲ ਕਰਕੇ ਹਨ। ਜਿਵੇਂ ਕਿ ਦਵਾਈ ਦੇ ਵਾਧੂ ਮਾੜੇ ਅਸਰ, ਮਨੋ-ਦਸ਼ਾ (ਮੂਡ ਰੋਗ)। ਇਹਨਾਂ ਵਿਚ ਇਹ ਸ਼ਾਮਲ ਹਨ:

- ਜਜ਼ਬਾਤ ਦਾ ਸੀਮਿਤ ਪ੍ਰਗਟਾਉ
- ਗੱਲਬਾਤ ਘੱਟ ਕਰਨਾ
- ਸੋਚਣ ਵਿਚਾਰਨ ਵਿਚ ਮੁਸ਼ਕਿਲ
- ਕੋਈ ਕੰਮ ਅਰੰਭਣ ਦੀ ਯੋਗਤਾ ਘਟਣੀ
- ਕੁੱਝ ਕਰਨ ਨੂੰ ਜੀਅ ਨਾ ਕਰਨਾ ਜਾਂ ਲਗਨ ਵਿਚ ਕਮੀ

## ਗੰਭੀਰ ਹਾਲਤ ਵਾਲੇ ਪੜਾਅ ਦੇ ਦੌਰਾਨ ਜ਼ਾਹਿਰ ਹੋਰ ਲੱਛਣ ਜਾਂ ਮੁਸ਼ਕਿਲਾਂ

### Other symptoms or problems apparent during the acute phase

ਇਹ ਅਕਸਰ ਹੁੰਦਾ ਹੈ ਕਿ ਗੰਭੀਰ ਹਾਲਤ ਵਾਲੇ ਪੜਾਅ ਦੇ ਦੌਰਾਨ

ਸਾਈਕੋਸਿਸ ਦੇ ਲੱਛਣਾਂ ਦੇ ਨਾਲ ਨਾਲ ਹੋਰ ਲੱਛਣ ਜਾਂ ਮੁਸ਼ਕਿਲਾਂ ਵੀ ਪੈਦਾ ਹੋ ਜਾਂਦੀਆਂ ਹਨ। ਹੋਰ ਮੁਸ਼ਕਿਲਾਂ ਦੀਆਂ ਕੁੱਝ ਮਿਸਾਲਾਂ ਇਹ ਹਨ:

- ਉਦਾਸੀ
- ਚਿੰਤਾ
- ਆਤਮ-ਹੱਤਿਆ ਦੇ ਖਿਆਲ ਜਾਂ ਵਿਵਹਾਰ
- ਨਸ਼ਿਆਂ ਦੀ ਵਰਤੋਂ
- ਕਾਰਕਰਦਗੀ ਵਿਚ ਮੁਸ਼ਕਿਲਾਂ
- ਨੀਂਦ ਵਿਚ ਖਰਾਬੀ

## 3. ਆਰਾਮ ਆਉਣ ਵਾਲਾ ਪੜਾਅ Recovery Phase

'ਸਾਈਕੋਸਿਸ ਦਾ ਇਲਾਜ ਹੋ ਸਕਦਾ ਹੈ … ਤੰਦਰੁਸਤੀ ਦੀ ਆਸ ਕੀਤੀ ਜਾ ਸਕਦੀ ਹੈ"

Psychosis is **Treatable** **…**Recovery is **Expected**

ਸਹੀ ਇਲਾਜ ਨਾਲ ਬਹੁਤ ਸਾਰੇ ਸਾਈਕੋਸਿਸ ਦੇ ਪਹਿਲੇ ਦੌਰੇ ਤੋਂ ਤੰਦਰੁਸਤ ਹੋ ਜਾਂਦੇ ਹਨ। ਇਕ ਵਾਰ ਜਦ ਸਾਈਕੋਸਿਸ ਵਿਚ ਇਲਾਜ ਕਰਕੇ ਫਰਕ ਆ ਜਾਂਦਾ ਹੈ ਤਦ ਤੰਦਰੁਸਤੀ ਵੱਲ ਵੱਧਦੇ ਇਸ ਪੜਾਅ ਵਿਚ ਹੋਰ ਮੁਸ਼ਕਿਲਾਂ ਜਿਵੇਂ ਉਦਾਸੀ, ਚਿੰਤਾ ਰੋਗ, ਸ੍ਵੈਮਾਨ ਵਿਚ ਕਮੀ ਅਤੇ ਸਮਾਜੀ ਮੇਲ-ਮਿਲਾਪ ਵਿਚਲੀ ਹੋਈ ਹਾਨੀ ਨੂੰ ਨਜਿੱਠਣ ਦੀ ਜ਼ਰੂਰਤ ਹੁੰਦੀ ਹੈ। ਇਸ ਵੇਲੇ ਸਕੂਲ, ਕੰਮਕਾਰ ਅਤੇ ਹੋਰ ਜ਼ੁਮੇਵਾਰੀਆਂ ਵਿਚ ਮਦਦ ਦੀ ਜ਼ਰੂਰਤ ਹੋ ਸਕਦੀ ਹੈ।

ਆਰਾਮ ਆਉਣ ਤੇ ਕਾਰ-ਕਰਦਗੀ ਵਿਚ ਕਾਮਯਾਬੀ ਹੋਣ ਵਿਚ ਲੱਗਣ ਵਾਲਾ ਸਮਾਂ ਹਰ ਕਿਸੇ ਲਈ ਵੱਖਰਾ ਵੱਖਰਾ ਹੋਵੇਗਾ। ਕਈ ਸਾਈਕੋਸਿਸ ਦੇ ਪਹਿਲੇ ਦੌਰੇ ਤੋ ਤੰਦਰੁਸਤ ਹੋ ਜਾਂਦੇ ਹਨ ਅਤੇ ਫਿਰ ਛੇਤੀ ਹੀ ਆਪਣੀ ਜ਼ਿੰਦਗੀ ਅਤੇ ਜ਼ੁਮੇਵਾਰੀਆਂ ਵੱਲ ਪਰਤ ਆਉਂਦੇ ਹਨ। ਹੋਰਨਾਂ ਨੂੰ ਇਲਾਜ ਨਾਲ ਫਰਕ ਪੈਣ ਵਿਚ ਕਾਫੀ ਸਮਾਂ ਲੱਗ ਸਕਦਾ ਹੈ ਤੇ ਉਹ ਆਪਣੀਆਂ ਜ਼ੁਮੇਵਾਰੀਆਂ ਵੱਲ ਸਹਿਜੇ ਸਹਿਜੇ ਪਰਤਦੇ ਹਨ।

ਸਾਈਕੋਸਿਸ ਦੇ ਪਹਿਲੇ ਦੌਰੇ ਤੋਂ ਠੀਕ ਹੋ ਜਾਣ ਤੋਂ ਬਾਦ ਕਾਫੀ ਲੋਕ ਸਾਈਕੋਸਿਸ ਦੇ ਦੂਜੇ ਦੌਰੇ (ਜਿਸਨੂੰ ਮੁੜ ਬਿਮਾਰ ਹੋਣਾ ਕਹਿੰਦੇ ਹਨ- ਰੀਲੈਪਸ Relapse) ਦਾ ਦੁਬਾਰਾ ਕਦੀ ਵੀ ਮਹਿਸੂਸ ਨਹੀਂ ਕਰਦੇ । ਪਰ ਜੇਕਰ ਦਵਾਈ ਅਤੇ ਹੋਰ ਇਲਾਜ ਸਦਾ ਵਾਸਤੇ ਛੱਡ ਦਿੱਤਾ ਜਾਵੇ ਤਾਂ ਮੁੜ ਬਿਮਾਰ ਹੋਣ ਦਾ ਖਤਰਾ ਬਣਿਆ ਹੀ ਰਹਿੰਦਾ ਹੈ । ਸਹੀ ਇਲਾਜ ਨਾਲ ਪੂਰੀ ਤਰ੍ਹਾਂ ਤੰਦਰੁਸਤ ਹੋਣ ਦੀ ਸੰਭਾਵਨਾ ਕਾਫੀ ਜ਼ਿਆਦਾ ਹੁੰਦੀ ਹੈ।

## ਸਾਈਕੋਸਿਸ ਰੋਗ ਦੀ ਜਾਂਚ Diagnosing Psychosis

**ਸਾਈਕੋਸਿਸ ਕਈ ਮਾਨਸਿਕ ਅਤੇ ਸਰੀਰਕ ਰੋਗਾਂ ਨਾਲ ਸੰਬਧਿਤ ਹੈ ਜਿਵੇਂ ਕਿ:**

- ਸਕਿਜ਼ੋਫਰੀਨੀਆਂ Schizophrenia
- ਸਕਿਜ਼ੋਫਰੀਨੀਫੌਰਮ ਵਿਗਾੜ Schizophreniform Disorder
- ਥੁੜ-ਚਿਰਾ ਪ੍ਰਤਿਕ੍ਰਿਆਸ਼ੀਲ ਸਾਈਕੋਸਿਸ Brief Reactive Psychosis
- ਦੋ-ਧੁਰਾ ਰੋਗ Bipolar Disorder
- ਸਾਈਸੌਟਿਕ ਡਿਪਰੈੱਸ਼ਨ Psychotic Depression
- ਸਕਿਜ਼ੋਅਫੈਕਟਿਵ ਵਿਗਾੜ Schizoaffective Disorder

ਹੋਰ ਵੀ ਕਈ ਰੋਗ ਹਨ ਜਿਹਨਾਂ ਵਿਚ ਸਾਈਕੋਸਿਸ ਪੈਦਾ ਹੋ ਸਕਦਾ ਹੈ। ਕਈ ਵਾਰੀ, ਇਹ ਜਾਨਣ ਵਿਚ ਕਿ ਰੋਗ ਨਿਦਾਨ ਕਿਹੜਾ ਹੈ, ਕੁੱਝ ਖਾਸ ਕਿਸਮ ਦੀ ਜਾਂਚ ਸਹਾਈ ਹੋ ਸਕਦੀ ਹੈ ਅਤੇ ਜੇ ਅਜੇਹਾ ਲੱਗੇ ਤਾਂ ਇਸਦਾ ਇੰਤਜ਼ਾਮ ਕੀਤਾ ਜਾ ਸਕਦਾ ਹੈ (ਜਿਵੇਂ ਕਿ ਦਿਮਾਗ ਦਾ ਸਕੈਨ brain scan ਜਾਂ ਦਿਮਾਗੀ ਕ੍ਰਿਆ ਦਾ ਜਾਇਜ਼ਾ assessment of cognitive functioning)। ਕਿਸੇ ਨੂੰ ਕਿਸ ਕਿਸਮ ਦਾ ਸਾਈਕੋਸਿਸ ਰੋਗ ਹੈ ਇਸਦੀ ਸਹੀ ਜਾਂਚ ਕਰਨ ਲਈ ਲੱਛਣਾਂ ਨੂੰ ਕਈ ਮਹੀਨੀਆਂ ਬੱਧੀ ਜਾਂਚਣਾ ਪੈਂਦਾ ਹੈ। ਇਸ ਲਈ ਇਹ ਨਿਰਧਾਰਤ (ਪਕਿਆਂ) ਕਰਨ ਲਈ ਕਿ ਕਿਸ ਕਿਸਮ ਦਾ ਰੋਗ ਹੈ, ਕਾਫੀ ਸਮਾਂ ਲੱਗ ਸਕਦਾ ਹੈ।

---

11/21/2004